

VOTER HELPLINE APP

# ਦਫਤਰ ਜ਼ਿਲ੍ਹਾ ਚੋਣ ਅਫਸਰ, ਗੁਰਦਾਸਪੁਰ

OFFICE OF THE DISTRICT ELECTION OFFICER, GURDASPUR
Mini Secretariat, Block-B, 4th Floor, Room No.426-430
Phone : 01874-223487, E-mail ID : etgds@punjab.gov.in

ਕੋਈ ਵੀ ਯੋਗ ਵੋਟਰ ਵੋਟ ਬਣਵਾਉਣ ਤੋਂ ਵਾਂਝਾ ਨਾ ਰਹਿ ਜਾਏ
NO VOTER TO BE LEFT BEHIND

1950 CALL
VOTER HELPLINE OF ELECTION COMMISSION OF INDIA
TOLL FREE NUMBER

ਪੱਤਰ ਨੰ. ਚੋਣ-2022/ 123 ਮਿਤੀ 08.1.2022

URGENT

ਸੇਵਾ ਵਿਖੇ

1. ਸੀਨੀਅਰ ਪੁਲਿਸ ਕਪਤਾਨ, ਗੁਰਦਾਸਪੁਰ
2. ਸੀਨੀਅਰ ਪੁਲਿਸ ਕਪਤਾਨ, ਬਟਾਲਾ ।
3. ਸਮੂਹ ਰਿਟਰਨਿੰਗ ਅਫਸਰ ਜ਼ਿਲ੍ਹਾ ਗੁਰਦਾਸਪੁਰ ।
4. ਕਮਿਸ਼ਨਰ, ਨਗਰ ਨਿਗਮ, ਬਟਾਲਾ ।
5. ਨਿਗਰਾਨ ਇੰਜੀਨੀਅਰ, ਪੀ.ਐਸ.ਪੀ.ਸੀ.ਐਲ. ਗੁਰਦਾਸਪੁਰ ।
6. ਸਮੂਹ ਸਹਾਇਕ ਰਿਟਰਨਿੰਗ ਅਫਸਰ (1&2) ਜ਼ਿਲ੍ਹਾ ਗੁਰਦਾਸਪੁਰ ।
7. ਐਕਸੀਅਨ, ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ, ਗੁਰਦਾਸਪੁਰ
8. ਸਮੂਹ ਕਾਰਜ ਸਾਧਕ ਅਫਸਰ, ਨਗਰ ਕੌਂਸਲ ਜ਼ਿਲ੍ਹਾ ਗੁਰਦਾਸਪੁਰ (ਰਾਹੀਂ ADC (Urban Dev.) Gsp)
9. ਸਮੂਹ ਵਿਭਾਗਾਂ ਦੇ ਮੁੱਖੀ ਜ਼ਿਲ੍ਹਾ ਗੁਰਦਾਸਪੁਰ ।
10. ਸਮੂਹ ਮਾਨਤਾ ਪ੍ਰਾਪਤ ਰਾਜਸੀ ਪਾਰਟੀਆਂ ਦੇ ਪ੍ਰਧਾਨਾਂ/ਸਕੱਤਰਾਂ

**ਵਿਸ਼ਾ : ਵਿਧਾਨ ਸਭਾ ਚੋਣਾਂ 2022–ਆਦਰਸ਼ ਚੋਣ ਜ਼ਾਬਤਾ (Model Code of Conduct) ਦੀ ਪਾਲਣਾ ਯਕੀਨੀ ਬਣਾਉਣ ਬਾਰੇ।**

ਮਾਣਯੋਗ ਭਾਰਤ ਚੋਣ ਕਮਿਸ਼ਨ ਜੀ ਵੱਲੋਂ **ਅੱਜ ਮਿਤੀ 08.1.2022 ਨੂੰ ਬਾਅਦ ਦੁਪਹਿਰ 3.30 ਵਜੇ** ਪੰਜਾਬ ਰਾਜ ਦੀਆਂ ਵਿਧਾਨ ਸਭਾ ਚੋਣਾਂ, 2022 ਦੀਆਂ ਆਮ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ । ਚੋਣਾਂ ਦੇ ਐਲਾਨ ਹੋਣ ਦੀ ਮਿਤੀ ਤੋਂ ਆਦਰਸ਼ ਚੋਣ ਜ਼ਾਬਤਾ (Model Code of Conduct) ਅਮਲ ਵਿਚ ਆ ਚੁੱਕਾ ਹੈ, ਜੋ ਚੋਣ ਪ੍ਰੀਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹੇਗਾ । ਮਾਡਲ ਕੋਡ ਆਫ ਕੰਡਕਟ ਦੀ ਪਾਲਣਾ ਕਰਨ ਸਬੰਧੀ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਣੀ ਯਕੀਨੀ ਬਣਾਈ ਜਾਵੇ :-

**(1) ਆਦਰਸ਼ ਚੋਣ ਜ਼ਾਬਤਾ (Model Code of Conduct)**

1. ਇਲੈਕਟ੍ਰੋਨਿਕ, ਪ੍ਰਿੰਟ ਮੀਡੀਏ ਅਤੇ ਸ਼ੋਸ਼ਲ ਮੀਡੀਏ ਵਿਚ ਚੋਣ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਵੀ ਸਰਕਾਰੀ ਇਸ਼ਤਿਹਾਰਬਾਜ਼ੀ ਨਾ ਕੀਤੀ ਜਾਵੇ ।
2. ਕਿਸੇ ਸਰਕਾਰੀ ਗੱਡੀ (ਐਂਬੂਲੈਂਸ, ਸਾਈਕਲ, ਸਰਕਾਰੀ ਸਟੇਸ਼ਨਰੀ ਅਤੇ ਹੋਰ ਆਈਟਮਾਂ) ਉਪਰ ਕਿਸੇ ਵੀ ਰਾਜਨੀਤਕ ਲੀਡਰ ਦੇ ਫੋਟੋਗ੍ਰਾਫਸ ਨਹੀਂ ਲੱਗੇ ਹੋਣੇ ਚਾਹੀਦੇ। ਜੇਕਰ ਅਜਿਹਾ ਹੈ, ਤਾਂ ਉਹਨਾਂ ਨੂੰ ਤੁਰੰਤ ਹਟਾ ਦਿੱਤਾ ਜਾਵੇ ।
3. ਐਮ.ਪੀ./ਐਮ.ਐਲ.ਏ. ਲੈਂਡ ਸਕੀਮ ਤਹਿਤ ਕੋਈ ਵਿੱਤੀ ਸਹਾਇਤਾ/ਗ੍ਰਾਂਟ ਜਾਰੀ ਨਾ ਕੀਤੀ ਜਾਵੇ ।
4. ਕਿਸੇ ਵੀ ਵਿਅਕਤੀ ਨੂੰ ਨਵਾਂ ਨੀਲਾ ਕਾਰਡ, ਨਵਾਂ ਰਾਸ਼ਨ ਕਾਰਡ, ਨਵੀਂ ਪੈਨਸ਼ਨ ਦਾ ਲਾਭ ਨਾ ਦਿੱਤਾ ਜਾਵੇ ।
5. ਕੋਈ ਵੀ ਨਵਾਂ ਵਿਕਾਸ ਕਾਰਜ਼ ਸ਼ੁਰੂ ਨਾ ਕੀਤਾ ਜਾਵੇ ।
6. ਵਿਭਾਗ ਦੀਆਂ ਚਾਲੂ ਵੱਖ-ਵੱਖ ਸਕੀਮਾਂ ਤਹਿਤ ਕਿਸੇ ਵੀ ਨਵੇਂ ਬਿਨੈਕਾਰ ਦੀ ਚੋਣ ਨਾ ਕੀਤੀ ਜਾਵੇ।
7. ਕਿਸੇ ਇਮਾਰਤ ਦਾ ਨੀਂਹ ਪੱਥਰ ਨਾ ਰੱਖਿਆ/ਰਖਵਾਇਆ ਜਾਵੇ ਅਤੇ ਨਾ ਹੀ ਕੋਈ ਉਦਘਾਟਨ ਕੀਤਾ/ਕਰਵਾਇਆ ਜਾਵੇ।
8. ਸਮੂਹ ਵਿਭਾਗ ਇਹ ਵੀ ਯਕੀਨੀ ਬਣਾਉਣਗੇ ਕਿ ਕਿਸੇ ਵੀ ਸਰਕਾਰੀ ਸਕੀਮ ਤਹਿਤ ਕਿਸੇ ਕਿਸਮ ਦੇ ਵਸਤੂਗਤ ਲਾਭਾਂ ਦੀ ਵੰਡ, ਜਿਵੇਂ ਕਿ ਸਾਈਕਲਾਂ/ਸਿਲਾਈ ਮਸ਼ੀਨਾਂ ਦੀ ਵੰਡ, ਸਪੋਰਟਸ ਕਿੱਟਾਂ ਆਦਿ ਦੀ ਵੰਡ ਚੋਣ ਜ਼ਾਬਤੇ ਦੌਰਾਨ ਨਹੀਂ ਕਰਨਗੇ ਅਤੇ ਆਪਣੇ-ਆਪਣੇ ਵਿਭਾਗ ਵਿਚ ਇਸ ਦੇ ਮੌਜੂਦ ਸਟਾਕ ਦਾ ਇੰਦਰਾਜ਼ ਕਰਨਗੇ ਅਤੇ ਸਟਾਕ ਦੀ ਪੁਜੀਸ਼ਨ ਬਾਰੇ ਜ਼ਿਲ੍ਹਾ ਚੋਣ ਦਫਤਰ, ਗੁਰਦਾਸਪੁਰ ਨੂੰ ਲਿਖਤੀ ਤੌਰ ਤੇ ਸੂਚਿਤ ਕਰਨਗੇ ।
9. ਮਾਡਲ ਕੋਡ ਆਫ ਕੰਡਕਟ ਦੇ ਚਲਦਿਆਂ ਕਿਸੇ ਵੀ ਸਰਕਾਰੀ ਕੰਮਕਾਰ ਸਮੇਂ ਕਿਸੇ ਵੀ ਰਾਜਨੀਤਕ ਵਿਅਕਤੀ ਦੀ ਸ਼ਮੂਲੀਅਤ ਨਹੀਂ ਹੋਣੀ ਚਾਹੀਦੀ ।
10. ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ (ਬੋਰਡ/ਕਾਰਪੋਰੇਸ਼ਨਾਂ/ਏਜੰਸੀਆਂ, ਸਹਿਕਾਰਤਾ ਆਦਿ ਦਫਤਰ) ਵਿਚ ਨਵੇਂ ਭਰਤੀ/ਸਲੈਕਟ/ਟਰਾਂਸਫਰ ਕੀਤੇ ਗਏ ਉਮੀਦਵਾਰਾਂ ਨੂੰ ਮਾਡਲ ਕੋਡ ਆਫ ਕੰਡਕਟ ਦੇ ਚਲਦਿਆਂ ਜੁਆਇੰਨ ਨਾ ਕਰਵਾਇਆ ਜਾਵੇ।
11. ਹਰ ਪ੍ਰਕਾਰ ਦੀਆਂ ਸ਼੍ਰੇਣੀਆਂ ਦੀ ਬਦਲੀ ਕਰਨ ਤੇ ਪੂਰਨ ਪਾਬੰਦੀ ਹੈ ।
12. ਮਾਡਲ ਕੋਡ ਆਫ ਕੰਡਕਟ ਨੂੰ ਸਖਤੀ ਨਾਲ ਲਾਗੂ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ । ਕੋਈ ਅਜਿਹੀ ਗਤੀਵਿਧੀ ਨਾ ਕੀਤੀ ਜਾਵੇ, ਜਿਸ ਨਾਲ ਮਾਡਲ ਕੋਡ ਆਫ ਕੰਡਕਟ ਦੀ ਉਲੰਘਣਾ ਹੁੰਦੀ ਹੋਵੇ ।

...... ਚਲਦਾ ਪੰਨਾਂ